Punjab Government Gazette

Published by Authority

No. 31] CHANDIGARH, FRIDAY, JULY 31, 2026 (SRAVANA 9, 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਵਿੱਤੀ ਕਮਿਸ਼ਨਰਜ਼ ਸਕੱਤਰੇਤ

(ਪ੍ਰਸਾਸ਼ਨ-1 ਸ਼ਾਖਾ)

ਅਧਿਸੂਚਨਾ

ਮਿਤੀ 26 ਜੂਨ, 2026

ਨੰ: 14-ਰ(110)13-1ਪ੍ਰ1/11187.-ਸ਼੍ਰੀਮਤੀ ਰੂਬੀ ਵਰਮਾ, ਸੁਪਰਡੰਟ ਗ੍ਰੇਡ-1, ਵਿੱਤੀ ਕਮਿਸ਼ਨਰਜ਼ ਸਕੱਤਰੇਤ ਨੇ ਮਿਤੀ 30.03.2026 ਰਾਹੀਂ ਤਿੰਨ ਮਹੀਨੇ ਦਾ ਨੋਟਿਸ ਦਿੰਦੇ ਹੋਏ ਬੇਨਤੀ ਕੀਤੀ ਹੈ ਕਿ ਘਰੇਲੂ ਜਿੰਮੇਵਾਰੀਆਂ ਕਾਰਨ ਉਹ ਸਵੈ-ਇੱਛਤ ਰਿਟਾਇਰਮੈਂਟ ਲੈਣਾ ਚਾਹੁੰਦੀ ਹੈ। ਇਸ ਲਈ ਉਸ ਨੇ ਮਿਤੀ 30.03.2026 ਨੂੰ ਸਵੈ-ਇੱਛਤ ਰਿਟਾਇਰਮੈਂਟ ਲੈਣ ਲਈ ਤਿੰਨ ਮਹੀਨੇ ਦਾ ਨੋਟਿਸ ਦਿੱਤਾ ਹੈ।

2. ਸ਼੍ਰੀਮਤੀ ਰੂਬੀ ਵਰਮਾ, ਸੁਪਰਡੰਟ ਗ੍ਰੇਡ-1 ਨੇ ਇਸ ਸਕੱਤਰੇਤ ਵਿਖੇ ਮਿਤੀ 27.08.1990 ਨੂੰ ਬਤੌਰ ਕਲਰਕ ਸਰਕਾਰੀ ਸੇਵਾ ਵਿੱਚ ਜੁਆਇੰਨ ਕੀਤਾ ਸੀ। ਪੰਜਾਬ ਸਿਵਲ ਸੇਵਾਵਾਂ (ਪ੍ਰੀਮੈਚਿਓਰ ਰਿਟਾਇਰਮੈਂਟ) ਨਿਯਮਾਂਵਲੀ, 1975 ਦੇ ਨਿਯਮ 3 ਦੇ ਸਬ ਨਿਯਮ 3(ਏ) ਅਨੁਸਾਰ ਕੋਈ ਵੀ ਕਰਮਚਾਰੀ ਜਿਸ ਦੀ ਸੇਵਾ 20 ਸਾਲ ਹੋ ਗਈ ਹੋਵੇ, ਉਹ ਤਿੰਨ ਮਹੀਨੇ ਦਾ ਨੋਟਿਸ ਦੇ ਕੇ ਸਵੈ-ਇੱਛਤ ਸੇਵਾ ਨਿਵਿਰਤੀ ਲੈ ਸਕਦਾ ਹੈ। ਇਸ ਅਧਿਕਾਰੀ ਦੀ ਸਰਕਾਰੀ ਸੇਵਾ 35 ਸਾਲ 7 ਮਹੀਨੇ ਤੋਂ ਵੱਧ ਦੀ ਹੋ ਚੁੱਕੀ ਹੈ ਅਤੇ ਉਹ ਸਵੈ-ਇੱਛਤ ਸੇਵਾ ਨਿਵਿਰਤੀ ਦੀਆਂ ਸ਼ਰਤਾਂ ਪੂਰੀਆਂ ਕਰਦੀ ਹੈ।

3. ਸ਼੍ਰੀਮਤੀ ਰੂਬੀ ਵਰਮਾ, ਸੁਪਰਡੰਟ ਗ੍ਰੇਡ-1 ਵਿਰੁੱਧ ਚੌਕਸੀ/ਅਦਾਲਤੀ/ਵਿਭਾਗੀ ਪੜਤਾਲ ਅਤੇ ਸ਼ਿਕਾਇਤ ਆਦਿ ਦਾ ਕੋਈ ਕੇਸ ਲੰਬਿਤ ਨਹੀਂ ਹੈ ਅਤੇ ਨਾ ਹੀ ਇਸ ਅਧਿਕਾਰੀ ਵਿਰੁੱਧ ਕੋਈ ਦੇਣਦਾਰੀ ਬਕਾਇਆ ਹੈ। ਇਸ ਲਈ ਸ਼੍ਰੀਮਤੀ ਰੂਬੀ ਵਰਮਾ, ਸੁਪਰਡੰਟ ਗ੍ਰੇਡ-1 ਨੂੰ ਪੰਜਾਬ ਸਿਵਲ ਸੇਵਾਵਾਂ (ਪ੍ਰੀਮੈਚਿਓਰ ਰਿਟਾਇਰਮੈਂਟ) ਨਿਯਮਾਂਵਲੀ, 1975 ਦੇ ਨਿਯਮ 3 ਦੇ ਸਬ ਨਿਯਮ 3(ਏ) ਅਨੁਸਾਰ ਉਨ੍ਹਾਂ ਵਲੋਂ ਮਿਤੀ 30.03.2026 ਨੂੰ ਦਿੱਤੇ ਤਿੰਨ ਮਹੀਨੇ (90 ਦਿਨ) ਦੇ ਨੋਟਿਸ ਨੂੰ ਪ੍ਰਵਾਨ ਕਰਦੇ ਹੋਏ ਉਨ੍ਹਾਂ ਨੂੰ ਮਿਤੀ 27.06.2026 (ਬਾਅਦ ਦੁਪਹਿਰ) ਤੋਂ ਸਵੈ-ਇੱਛਤ ਸੇਵਾ ਨਿਵਿਰਤ ਕੀਤਾ ਜਾਂਦਾ ਹੈ।

ਅਨੁਰਾਗ ਵਰਮਾ, ਆਈ.ਏ.ਐਸ

ਵਧੀਕ ਮੁੱਖ ਸਕੱਤਰ-ਕਮ-ਵਿੱਤੀ ਕਮਿਸ਼ਨਰ ਮਾਲ, ਪੰਜਾਬ।

3785/7-2026/Pb. Govt. Press, S.A.S. Nagar